ਮਿੱਠੇ ਬੱਚੇ:- "ਮਿੱਠੇ ਬੱਚੇ :- ਇਹ ਬਣਿਆ ਬਣਾਇਆ ਅਨਾਦਿ ਡਰਾਮਾ ਹੈ. ਇਸ ਡਰਾਮਾ ਵਿਚ ਹਰ ਐਕਟਰ ਦੀ ਐਕਟ ਫਿਕਸ ਹੈ। ਮੋਕਸ਼ ਕਿਸੇ ਨੂੰ ਨਹੀਂ ਮਿਲ ਸਕਦਾ।"

ਪ੍ਰਸ਼ਨ:- ਪ੍ਰਸ਼ਨ:- ਸ਼ਿਵਬਾਬਾ ਅਸ਼ਰੀਰੀ ਹੈ, ਉਹ ਸ਼ਰੀਰ ਵਿਚ ਕਿਸ ਲਈ ਆਉਂਦੇ ਹਨ? ਕਿਹੜਾ ਕੰਮ ਕਰਦੇ ਹਨ ਅਤੇ ਕਿਹੜਾ ਨਹੀਂ?

ਉੱਤਰ:- ਬਾਬਾ ਕਹਿੰਦੇ ਹਨ- ਬੱਚੇ ਮੈਂ ਇਸ ਸ਼ਰੀਰ ਵਿੱਚ ਤੁਹਾਨੂੰ ਮੁਰਲੀ ਸੁਣਾਉਣ ਲਈ ਆਉਂਦਾ ਹਾਂ। ਮੈਂ ਮੁਰਲੀ ਸੁਣਾਉਣ ਦਾ ਹੀ ਕੰਮ ਕਰਦਾ ਹਾਂ। ਮੈਂ ਖਾਣ-ਪੀਣ ਦੇ ਲਈ ਨਹੀਂ ਆਉਂਦਾ। ਮੈਂ ਆਇਆ ਹਾਂ ਤੁਹਾਨੂੰ ਨਵੀਂ ਰਾਜਧਾਨੀ ਦੇਣ, ਬਾਕੀ ਸਵਾਦ ਇਨ੍ਹਾਂ (ਬ੍ਰਹਮਾ) ਦੀ ਆਤਮਾ ਲੈਂਦੀ ਹੈ।

ਗੀਤ:- ਛੋੜ ਵੀ ਦੇ ਅਕਾਸ਼ ਸਿੰਘਾਸਨ...

ਓਮ ਸ਼ਾਂਤੀ। ਗੀਤ ਵਜਾਏ ਹੀ ਉਹ ਜਾਂਦੇ ਹਨ ਜਿਸ ਵਿੱਚ ਆਪਣਾ ਤਾਲੁਕ ਹੈ। ਆਕਾਸ਼ ਵਿੱਚ ਕੋਈ ਤਖਤ ਨਹੀਂ ਹੈ। ਆਕਾਸ਼ ਇਹ ਪੋਲਾਰ ਨੂੰ ਕਿਹਾ ਜਾਂਦਾ ਹੈ। ਬਾਕੀ ਆਕਾਸ਼ ਤੱਤਵ ਵਿੱਚ ਤਾ ਤਖਤ ਹੈ ਨਹੀਂ। ਨਾ ਪਰਮਪਿਤਾ ਇਸ ਆਕਾਸ਼ ਤੱਤਵ ਤੇ ਰਹਿੰਦਾ ਹੈ। ਬਾਪ ਸਮਝਾਉਂਦੇ ਹਨ ਮੈਂ ਪਰਮਪਿਤਾ ਪਰਮਾਤਮਾ ਅਤੇ ਤੁਸੀਂ ਬੱਚੇ ਜੋ ਆਤਮਾਵਾਂ ਹੋ। ਦੋਨੋ ਇਸ ਸੂਰਜ ਚਾਂਦ, ਸਿਤਾਰਿਆਂ ਤੋਂ ਉਸ ਪਾਰ ਰਹਿੰਦੇ ਹਾਂ , ਉਸਨੂੰ ਮੂਲਵਤਨ ਕਿਹਾ ਜਾਂਦਾ ਹੈ। ਜਿਵੇ ਆਕਾਸ਼ ਵਿੱਚ ਸੂਰਜ ਚਾਂਦ ਸਿਤਾਰੇ ਹਨ, ਉਸ ਤਰ੍ਹਾਂ ਬਿਲਕੁਲ ਝਾੜ ਦੀ ਤਰ੍ਹਾਂ ਮਹਾਤੱਤਵ ਵਿੱਚ ਵੀ ਆਤਮਾਵਾਂ ਰਹਿੰਦੀਆਂ ਹਨ। ਜਿਵੇਂ ਸਿਤਾਰੇ ਆਕਾਸ਼ ਵਿੱਚ ਖੜੇ ਹਨ, ਕਿਸੇ ਚੀਜ਼ ਦਾ ਆਧਾਰ ਨਹੀਂ ਹੈ। ਅਹਿਮ ਆਤਮਾਵਾਂ ਅਤੇ ਪਰਮਾਤਮਾ ਬਾਪ, ਅਸੀਂ ਸਾਰੇ ਮਹਾਤੱਤਵ ਵਿੱਚ ਰਹਿਣ ਵਾਲੇ ਹਾਂ। ਸਟਾਰ ਦੀ ਤਰ੍ਹਾਂ ਹੀ ਹਾਂ । ਗਿਆਨ ਸੂਰਜ, ਗਿਆਨ ਚੰਦਰਮਾ, ਗਿਆਨ ਸਿਤਾਰੇ। ਹੁਣ ਇਹ ਤਾਂ ਸਮਝਾਇਆ ਹੈ ਜਦੋ - ਜਦੋ ਭੀੜ ਪੈਂਦੀ ਹੈ(ਦੁੱਖ ਹੁੰਦਾ ਹੈ) ਓਦੋ ਮੈਂ ਆਉਂਦਾ ਹਾਂ। ਪੁਰਾਣੇ ਨੂੰ ਨਵਾਂ ਜਰੂਰ ਬਣਾਉਣਾ ਹੈ। ਪੁਰਾਣੇ ਵਿੱਚ ਭੀੜ ਹੁੰਦੀ ਹੈ, ਕਲਯੁਗ ਵਿੱਚ ਹੈ ਦੁੱਖ ਦੀ ਭੀੜ। ਸਵਰਗ ਵਿੱਚ ਤਾ ਸੁਖ ਹੀ ਸੁਖ ਹੈ। ਮੈਨੂੰ ਫਿਰ ਤੋਂ ਆਕੇ ਸਹਿਜ ਗਿਆਨ ਅਤੇ ਸਹਿਜ ਰਾਜਯੋਗ ਸਿੱਖਲਾਉਣਾ ਹੁੰਦਾ ਹੈ। ਸਭ ਬੁਲਾਉਂਦੇ ਹਨ ਕਿ ਆਓ। ਕ੍ਰਿਸ਼ਨ ਦੇ ਲਈ ਨਹੀਂ ਕਹਿੰਦੇ ਹਨ ਕਿ ਸਿੰਘਾਸਨ ਛੱਡ ਕੇ ਆ ਜਾਓ। ਕ੍ਰਿਸ਼ਨ ਦੇ ਲਈ ਸਿੰਘਾਸਨ ਅੱਖਰ ਸ਼ੋਭਦਾ ਨਹੀਂ ਹੈ। ਉਹ ਤਾਂ ਪ੍ਰਿੰਸ ਹੈ ਨਾ। ਸਿੰਘਾਸਨ ਤੇ ਤਾਂ ਕਹੀਏ ਜੇ ਰਾਜ ਗੱਦੀ ਮਿਲੇ। ਹਾਂ ਛੋਟੇ ਬੱਚਿਆਂ ਨੂੰ ਬਾਪ ਗੋਦ ਵਿੱਚ ਜਾਂ ਬਾਜੂ ਵਿੱਚ ਬਿਠਾ ਸਕਦੇ ਹਨ। ਤਾਂ ਬਾਪ ਸਮਝਾਉਂਦੇ ਹਨ ਆਤਮਾਵਾਂ ਮੂਲਵਤਨ ਵਿੱਚ ਸਟਾਰ ਦੀ ਤਰ੍ਹਾਂ ਹਨ। ਫਿਰ ਉਥੋਂ ਦੀ ਨੰਬਰਵਾਰ ਆਉਂਦੀਆਂ ਰਹਿੰਦੀਆਂ ਹਨ। ਵਿਖਾਉਂਦੇ ਹਨ ਤਾਰੇ ਕਿਸ ਤਰ੍ਹਾਂ ਡਿੱਗਦੇ ਹਨ। ਓਥੇ ਵੀ ਆਤਮਾਵਾਂ ਆਕੇ ਸਿੱਧੇ ਗਰਭ ਵਿੱਚ ਜਾਂਦੀਆਂ ਹਨ। ਇਹ ਚੰਗੀ ਤਰ੍ਹਾਂ ਨੋਟ ਕਰੋ- ਹਰੇਕ ਆਤਮਾ ਨੂੰ ਸਤੋ, ਰਜੋ, ਤਮੋ ਨੂੰ ਪਾਸ ਕਰਨਾ ਹੈ। ਜਿਵੇਂ ਪਹਿਲੇ ਲਕਸ਼ਮੀ ਨਰਾਇਣ ਆਉਣਗੇ ਤਾਂ ਉਹ ਵੀ ਸਤੋ ਰਜੋ ਤਮੋ ਅਵਸਥਾ ਤੋਂ ਪਾਸ ਹੁੰਦੇ, ਪੁਨਰਜਨਮ ਲੈਂਦੇ - ਲੈਂਦੇ ਫਿਰ ਤਮੋਪ੍ਰਧਾਨ ਅਵਸਥਾ ਨੂੰ ਪਾਉਣਾ ਹੀ ਹੈ। ਹਰੇਕ ਦਾ ਇਸ ਤਰ੍ਹਾਂ ਹੈ। ਵਾਪਿਸ ਜਾ ਨਹੀਂ ਸਕਦੇ। ਇਬ੍ਰਾਹਿਮ, ਬੁੱਧ ਆਉਂਦੇ ਹਨ ਓਹਨਾ ਨੇ ਵੀ ਸਤੋ, ਰਜੋ, ਤਮੋ ਨੂੰ ਪਾਸ ਕਰਨਾ ਹੈ। ਪੁਨਰਜਨਮ ਲੈਣਾ ਪੈਂਦਾ ਹੈ। ਦਵਾਪਰ ਵਿੱਚ ਤਾਂ ਧਰਮ ਸਥਾਪਕ ਆਉਂਦੇ ਹਨ। ਉਥੋਂ ਪੁਨਰਜਨਮ ਸ਼ੁਰੂ ਹੁੰਦਾ ਹੈ। ਫਿਰ ਤਮੋਪ੍ਰਧਾਨ ਬਣਨਾ ਹੈ। ਹੁਣ ਓਹਨਾ ਦੀ ਸਦਗਤੀ ਕੌਣ ਕਰੇ? ਸਦਗਤੀ ਦਾਤਾ ਇਕ ਹੀ ਸ਼ਿਵ ਹੈ। ਕਹਿੰਦੇ ਹਨ ਸਭ ਦੀ ਸਦਗਤੀ ਕਰਨ ਮੈਨੂੰ ਆਉਣਾ ਪੈਂਦਾ ਹੈ। ਮੇਰੇ ਵਰਗਾ ਕੰਮ ਕੋਈ ਕਰ ਨਹੀਂ ਸਕਦਾ। ਮੈਂ ਦੇਵੀ ਦੇਵਤਾ ਧਰਮ ਦੀ ਸਥਾਪਨਾ ਕਰਦਾ ਹਾਂ। ਤੁਹਾਨੂੰ ਰਾਜਯੋਗ ਸਿਖਾ ਰਿਹਾ ਹਾਂ। ਗਤੀ ਸਦਗਤੀ ਦਾਤਾ ਮੈਂ ਹੀ ਹਾਂ। ਜਦੋ ਤੁਸੀਂ ਪਿਓਰ ਬਣ ਜਾਂਦੇ ਤਾਂ ਹੀ ਮੈਂ ਤੁਹਾਨੂੰ ਵਾਪਿਸ ਲੈ ਜਾਂਦਾ ਹਾਂ। ਤੁਹਾਡੀ ਵੀ ਸਦਗਤੀ ਕਰਦਾ ਹਾਂ। ਤੁਹਾਡੇ ਨਾਲ ਜੋ ਅਨੇਕ ਧਰਮ ਵਾਲੇ ਹਨ ਓਹਨਾ ਧਰਮ ਸੰਸਥਾਪਕਾਂ ਸਹਿਤ ਸਭ ਦਾ ਉਧਾਰ ਕਰਦਾ ਹਾਂ। ਤੁਹਾਨੂੰ ਗਿਆਨ ਨਾਲ ਸ਼ਿੰਗਾਰ ਕੇ ਸਵਰਗ ਦੇ ਮਾਲਿਕ ਲਕਸ਼ਮੀ ਅਤੇ ਨਰਾਇਣ ਨੂੰ ਵਰਨ ਯੋਗ ਬਣਾਉਂਦਾ ਹਾਂ। ਫਿਰ ਤੁਹਾਨੂੰ ਵਾਪਿਸ ਲੈ ਜਾਂਦਾ ਹਾਂ। ਸਭ ਨੂੰ ਪਹਿਲਾ ਮੁਕਤੀਧਾਮ ਭੇਜ ਦਿੰਦਾ ਹਾਂ। ਸਭ ਦਾ ਸਦਗਤੀ ਦਾਤਾ ਵੀ ਹਾਂ। ਦੂਸਰੇ ਧਰਮ ਸੰਸਥਾਪਕ ਜੋ ਆਉਂਦੇ ਹਨ, ਉਹ ਸਦਗਤੀ ਨਹੀਂ ਕਰਦੇ। ਉਹ ਸਿਰਫ ਆਪਣਾ ਧਰਮ ਸਥਾਪਨ ਕਰ ਉਸਨੂੰ ਵਧਾਉਣ ਲਗ ਜਾਣਗੇ। ਆਪਣੇ ਧਰਮ ਵਿੱਚ ਦੁਬਾਰਾ ਜਨਮ ਲੈ ਕੇ ਸਤੋ, ਰਜੋ, ਤਮੋ ਨੂੰ ਪਾਸ ਕਰਨਗੇ। ਹੁਣੇ ਸਾਰੇ ਤਮੋਪ੍ਰਧਾਨ ਹਨ। ਇਹਨਾਂ ਨੂੰ ਹੁਣ ਪਾਵਨ ਸਤੋਪ੍ਰਧਾਨ ਕੌਣ ਬਣਾਵੇ? ਬਾਪ ਆਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਭਗਵਾਨ ਆਕੇ ਸਭ ਦੀ ਸਦਗਤੀ ਕਰਦੇ ਹਨ। ਭਾਰਤ ਨੂੰ ਸਵਰਗ ਵੀ ਬਣਾਉਂਦੇ ਹਨ। ਜੀਵਨਮੁਕਤੀ ਦੇ ਲਈ ਰਾਜਯੋਗ ਸਿਖਾਉਂਦੇ ਹਨ। ਇਸ ਲਈ ਬਾਪ ਦੀ ਇੰਨੀ ਮਹਿਮਾ ਹੈ। ਗੀਤਾ ਹੈ ਸਰਵ ਸ਼ਾਸਤਰ ਮਈ ਸ਼ਿਰੋਮਨੀ। ਪਰੰਤੂ ਕ੍ਰਿਸ਼ਨ ਦਾ ਨਾਮ ਲਿਖਣ ਨਾਲ ਭਗਵਾਨ ਨੂੰ ਭੁੱਲ ਗਏ ਹਨ। ਭਗਵਾਨ ਤੇ ਸਭ ਦਾ ਸਦਗਤੀ ਦਾਤਾ ਹੈ। ਇਸਲਈ ਗੀਤਾ ਸਭ ਧਰਮ ਵਾਲਿਆਂ ਦਾ ਸ਼ਾਸਤਰ ਹੈ। ਸਭ ਨੂੰ ਇਸਨੂੰ ਮੰਨਣਾ ਪਵੇ। ਸਦਗਤੀ ਦਾ ਸ਼ਾਸਤਰ ਕੋਈ ਹੋਰ ਨਹੀਂ ਹੈ। ਸਦਗਤੀ ਦੇਣ ਵਾਲਾ ਹੈ ਇਕ। ਉਨ੍ਹਾਂ ਦੀ ਹੀ ਗੀਤਾ ਹੈ। ਤੁਹਾਨੂੰ ਬੱਚਿਆਂ ਨੂੰ ਸਦਗਤੀ ਦਾ ਗਿਆਨ ਦੇ ਰਹੇ ਹਨ। ਗੀਤਾ ਵਿੱਚ ਸ਼ਿਵ ਦਾ ਨਾਮ ਹੁੰਦਾ ਤਾਂ ਸਾਰੇ ਧਰਮ ਵਾਲਿਆਂ ਦਾ ਇਹ ਸ਼ਾਸਤਰ ਹੁੰਦਾ। ਬਾਪ ਸਭ ਨੂੰ ਕਹਿੰਦੇ ਹਨ - ਆਪਣੇ ਨੂੰ ਆਤਮਾ ਸਮਝ ਮੇਰੇ ਨਾਲ ਨਾਲ ਯੋਗ ਲਗਾਓ ਤਾਂ ਵਿਕਰਮ ਵਿਨਾਸ਼ ਹੋਣਗੇ ਤੇ ਤੁਸੀਂ ਮੇਰੇ ਧਾਮ ਆ ਜਾਓਗੇ। ਸਭ ਧਰਮ ਵਾਲਿਆਂ ਦੀ ਸਦਗਤੀ ਕਾਰਨ ਵਾਲਾ ਮੈਂ ਹੀ ਹਾਂ। ਬਾਕੀ ਤਾਂ ਆਉਂਦੇ ਹੀ

ਹਨ ਆਪਣਾ ਧਰਮ ਸਥਾਪਨ ਕਰਨ ਲਈ। ਮਨੁੱਖ ਕਹਿੰਦੇ ਹਨ ਕੀ ਮੋਕਸ਼ ਨਹੀਂ ਮਿਲੇਗਾ? ਬਾਪ ਕਹਿੰਦੇ ਹਨ ਨਹੀਂ। ਜੋ ਵੀ ਸਭ ਆਤਮਾਵਾਂ ਹਨ ਸਭ ਦਾ ਪਾਰਟ ਡਰਾਮਾ ਵਿੱਚ ਫਿਕਸ ਹੈ। ਕਿਸੇ ਦੀ ਐਕਟ ਬਦਲ ਨਹੀਂ ਸਕਦੀ। ਹਰ ਇਕ ਦੀ ਪੂਰੀ ਐਕਟ ਦਾ ਡਰਾਮਾ ਬਣਿਆ ਹੈ। ਡਰਾਮਾ ਅਨਾਦਿ ਹੈ ਉਸਦਾ ਆਦਿ, ਮਧ, ਅੰਤ ਨਹੀਂ ਹੈ। ਸ੍ਰਿਸ਼ਟੀ ਦੀ ਆਦਿ ਸਤਿਯੁਗ ਨੂੰ ਕਿਹਾ ਜਾਂਦਾ ਹੈ ਅਤੇ ਅੰਤ ਕਲਯੁੱਗ ਨੂੰ ਕਿਹਾ ਜਾਂਦਾ ਹੈ। ਬਾਕੀ ਡਰਾਮੇ ਦਾ ਆਦਿ ਅੰਤ ਨਹੀਂ ਹੈ। ਡਰਾਮਾ ਕਦੋ ਬਣਿਆ ਇਹ ਨਹੀਂ ਕਹਿ ਸਕਦੇ। ਇਹ ਪ੍ਰਸ਼ਨ ਉੱਠ ਨਹੀਂ ਸਕਦਾ।

ਬਾਬਾ ਨੇ ਸਮਝਾਇਆ ਹੈ ਕਿ ਜੋ ਵੀ ਧਰਮ ਸ਼ਾਸਤਰ ਹਨ, ਓਨਾ ਨਾਲ ਹਰ ਇਕ ਨੇ ਆਕੇ ਆਪਣਾ ਧਰਮ ਸਥਾਪਨ ਕੀਤਾ ਹੈ। ਸਦਗਤੀ ਨਹੀਂ ਕੀਤੀ ਹੈ। ਉਹਨਾ ਨੇ ਤਾਂ ਧਰਮ ਸਥਾਪਨ ਕੀਤਾ, ਉਨ੍ਹਾਂ ਦੇ ਪਿੱਛੇ ਵਾਧਾ ਹੁੰਦਾ ਗਿਆ। ਕਿੰਨੇ ਗੁਪਤ ਪੁਆਇੰਟ ਹਨ। ਲੇਖ ( ਨਿਬੰਧ) ਲਿਖਣ ਵਰਗੇ ਹਨ। ਇਥੇ ਗਪੋੜੇ ਦੀ ਗੱਲ ਨਹੀਂ। ਹਾਰ ਜਿੱਤ ਦਾ ਇਹ ਡਰਾਮਾ ਹੈ। ਸਤਿਯੁਗ ਵਿੱਚ ਪਰਮਾਤਮਾ ਨੂੰ ਯਾਦ ਕਰਨ ਦੀ ਲੋੜ ਨਹੀਂ ਹੈ। ਪਰਮਾਤਮਾ ਨੂੰ ਯਾਦ ਕਰਨ ਫਿਰ ਇਹ ਗੱਲਾਂ ਵੀ ਸਮਝਣ ਕਿ ਸਾਨੂੰ ਬ੍ਰਾਹਮਣਾ ਨੂੰ ਉਸਨੇ ਰਚਿਆ ਹੈ। ਤੁਹਾਨੂੰ ਤਾਂ ਸਾਮਣੇ ਦਸਦੇ ਹਨ ਕਿ ਮੈਂ ਰਚਤਾ ਹਾਂ। ਇਹ ਬ੍ਰਹਮਣਾ ਦੀ ਨਵੀਂ ਦੁਨੀਆ ਹੈ ਸੰਗਮ ਦੀ। ਚੋਟੀ ਨੂੰ ਤਾਂ ਕੋਈ ਜਾਣਦਾ ਨਹੀਂ। ਵਿਰਾਟ ਰੂਪ ਬਣਾਉਂਦੇ ਹਨ ਉਸ ਵਿਚ ਦੇਵਤਾ, ਖੱਤਰੀ, ਵੈਸ਼ ਤੇ ਸ਼ੂਦ੍ਰ ਵਿਖਾਉਂਦੇ ਹਨ। ਬ੍ਰਹਮਣਾਂ ਨੂੰ ਭੁੱਲ ਗਏ ਹਨ। ਸਤਿਯੁਗ ਵਿਚ ਦੇਵਤਾ ਤੇ ਕਲਯੁਗ ਵਿਚ ਸ਼ੂਦ੍ਰ। ਸੰਗਮ ਯੁਗੀ ਬ੍ਰਾਹਮਣਾ ਨੂੰ ਜਾਣਦੇ ਨਹੀਂ ਹਨ। ਇਹ ਰਾਜ਼ ਬਾਪ ਆਕੇ ਸਮਝਾਉਂਦੇ ਹਨ। ਬਾਬਾ ਕਹਿੰਦੇ ਹਨ ਪਵਿੱਤਰਤਾ ਬਿਗਰ ਤਾਂ ਕਦੇ ਧਾਰਨਾ ਹੋ ਨਹੀਂ ਸਕਦੀ ਹੈ। ਬਾਬਾ ਸਮਝਾਉਂਦੇ ਹਨ - ਕਿੰਨੇ ਢੇਰ ਵੇਦ - ਸ਼ਾਸਤਰ ਹਨ। ਪਰਿਕਰਮਾ ਦਿਲਾਉਂਦੇ ਹਨ। ਮੰਦਿਰਾ ਵਿਚ ਚਿੱਤਰ ਕਢ ਕੇ ਪਰਿਕਰਮਾ ਦਿਲਾ ਕੇ ਫਿਰ ਵਾਪਿਸ ਮੰਦਿਰ ਵਿਚ ਲੈ ਜਾਂਦੇ ਹਨ। ਬਾਬਾ ਅਨੁਭਵੀ ਹਨ। ਸ਼ਾਸਤਰਾਂ ਨਾਲ ਗੱਡੀ ਭਰ ਕੇ ਪਰਿਕਰਮਾ ਦਿੰਦੇ ਹਨ। ਇਸ ਤਰ੍ਹਾਂ ਫਿਰ ਦੇਵਤਾਵਾਂ ਦੇ ਚਿੱਤਰ ਵੀ ਗੱਡੀ ਵਿੱਚ ਰੱਖ ਕੇ ਪਰਿਕਰਮਾ ਦਿਲਾਉਦੇ ਹਨ। ਇਹ ਸਾਰਾ ਹੈ ਭਗਤੀ ਮਾਰਗ।

ਤੁਸੀ ਹੋ ਸ਼ਿਵ ਸ਼ਕਤੀਆਂ। ਤੁਸੀ ਸਾਰੇ ਸੰਸਾਰ ਦੀ ਸਦਗਤੀ ਕਰਦੇ ਹੋ। ਪਰ ਇਹ ਕੋਈ ਜਾਣਦਾ ਨਹੀਂ ਕਿ ਦੇਲਵਾੜਾ ਮੰਦਿਰ ਤਾਂ ਹੂਬਹੂ ਏਨਾ ਦੀ ਯਾਦਗਾਰ ਹੈ। ਇਸ ਤਰ੍ਹਾਂ ਦਾ ਮੰਦਿਰ ਕਿਤੇ ਨਹੀਂ ਹੈ। ਜਗਦੰਬਾ ਵੀ ਹੈ ਸ਼ਿਵਬਾਬਾ ਵੀ ਹੈ। ਸ਼ਕਤੀਆਂ ਦਾ ਚਬੂਤਰਾ ਵੀ ਬਣਿਆ ਹੋਇਆ ਹੈ। ਭਗਤੀ ਮਾਰਗ ਵਿਚ ਫਿਰ ਇਸ ਤਰ੍ਹਾਂ ਦੇ ਮੰਦਿਰ ਬਣਨਗੇ। ਫਿਰ ਵਿਨਾਸ਼ ਹੋਵੇਗਾ ਤਾਂ ਸਭ ਕੁਝ ਖਤਮ ਹੋ ਜਾਵੇਗਾ। ਸਤਿਯੁਗ ਵਿਚ ਕੋਈ ਮੰਦਿਰ ਨਹੀਂ ਹੈ। ਇਹ ਸਭ ਭਗਤੀ ਮਾਰਗ ਦਾ ਵਿਸਤਾਰ ਹੈ। ਗਿਆਨ ਮਾਰਗ ਵਿਚ ਤੁਸੀ ਤਾਂ ਚੁੱਪ ਰਹਿਣਾ ਹੈ। ਇਕ ਸ਼ਿਵਬਾਬਾ ਨੂੰ ਯਾਦ ਕਰਨਾ ਹੈ। ਸ਼ਿਵਬਾਬਾ ਨੂੰ ਭੁੱਲ ਹੋਰਾਂ ਨੂੰ ਯਾਦ ਕਰਾਂਗੇ ਤਾਂ ਅੰਤ ਵਿਚ ਫੇਲ ਹੋ ਜਾਵਾਂਗੇ। ਫੇਲ ਨਹੀਂ ਹੋਣਾ ਹੈ। ਮਨੁੱਖ ਮਰਦੇ ਹਨ ਤਾਂ ਉਨ੍ਹਾਂ ਨੂੰ ਕਹਿੰਦੇ ਰਾਮ ਰਾਮ ਕਹੋ। ਪਰ ਇਸ ਤਰ੍ਹਾ ਯਾਦ ਆਉਂਦਾ ਨਹੀਂ ਹੈ। ਫਿਰ ਵੀ ਗਾਇਆ ਜਾਂਦਾ ਹੈ ਅੰਤਕਾਲ ਜੋ ਨਰਾਇਣ ਸਿਮਰੇ... ਗੱਲ ਹੁਣ ਦੀ ਹੈ। ਭੰਬੋਰ ਨੂੰ ਅੱਗ ਤਾਂ ਲੱਗਣੀ ਹੈ। ਅੰਤਕਾਲ ਜੋ ਨਰਾਇਣ ਸਿਮਰੇ। ਬਰੋਬਰ ਤੁਸੀ ਹੁਣ ਸਮਝਦੇ ਹੋ ਅਸੀਂ ਲਕਸ਼ਮੀ ਜਾ ਨਰਾਇਣ ਨੂੰ ਵਰਾਂਗੇ। ਸਵਰਗ ਦੇ ਲਈ ਤਿਆਰ ਹੋ ਰਹੇ ਹੋ। ਬਾਬਾ ਬਗੈਰ ਇਹ ਗਿਆਨ ਕੋਈ ਦੇ ਨਹੀਂ ਸਕਦਾ। ਇਹ ਬਾਬਾ ਵੀ ਕਹਿੰਦੇ ਹਨ ਕਿ ਸਾਨੂੰ ਹੁਣ ਸ਼ਿਵਬਾਬਾ ਨੇ ਦੱਸਿਆ ਹੈ। ਇਹਨਾ ਨੂੰ ਸ਼ਿਵ ਸ਼ਕਤੀ ਜਾ ਪਾਂਡਵ ਸੈਨਾ ਕਿਹਾ ਜਾਂਦਾ ਹੈ। ਪਾਂਡਵ ਨਾਮ ਹੈ ਮਹਾਂਰਥੀਆਂ ਤੇ। ਸ਼ਕਤੀਆਂ ਨੂੰ ਫਿਰ ਸ਼ੇਰ ਤੇ ਸਵਾਰੀ ਦਿਖਾਉਂਦੇ ਹਨ। ਤਾਂ ਬਾਪ ਕਹਿੰਦੇ ਹਨ ਜਿਵੇਂ ਕਲਪ ਪਹਿਲਾ ਰਾਜਯੋਗ ਸਿਖਾਇਆ ਸੀ ਬਿਲਕੁਲ ਉਸੇ ਤਰ੍ਹਾ ਸਿਖਾ ਰਹੇ ਹਨ। ਜੋ ਵੀ ਐਕਟ ਕਲਪ ਪਹਿਲਾਂ ਚਲਦੀ ਹੈ। ਕਲਪ - ਕਲਪ ਓਸੇ ਤਰ੍ਹਾਂ ਹੀ ਚੱਲੇਗੀ। ਇਸ ਵਿਚ ਕੋਈ ਫ਼ਰਕ ਪੈ ਨਹੀਂ ਸਕਦਾ, ਫਿਰ ਕਲਪ ਕਲਪ ਇਹ ਪਾਰਟ ਚੱਲੇਗਾ। ਬਾਬਾ ਕਹਿੰਦੇ ਹਨ ਤੁਹਾਨੂੰ ਕਿੰਨੀਆਂ ਗੁਪਤ ਗੱਲਾਂ ਸੁਣਾਉਂਦਾ ਹਾਂ। ਪਿਛੋਂ ਕੀ ਹੋਣ ਵਾਲਾ ਹੈ ਸੋ ਫਿਰ ਪਿੱਛੇ ਦੱਸਾਂਗੇ ਨਾ। ਹੁਣੇ ਸਭ ਦੱਸ ਦੇਵਾਂ ਮਤਲਬ ਕਿ ਹੁਣੇ ਵਾਪਿਸ ਚਲਾ ਜਾਵਾਂ ? ਅੰਤ ਤੱਕ ਨਵੀਂ ਪੁਆਇੰਟ ਸੁਣਾਉਂਦੇ ਰਹਾਂਗੇ। ਅਸੀਂ ਗੀਤਾ ਦੀ ਮਹਿਮਾ ਤਾਂ ਬਹੁਤ ਕਰਦੇ ਹਾਂ ਪਰ ਉਸ ਗੀਤਾ ਅਤੇ ਮਹਾਭਾਰਤ ਵਿਚ ਤੇ ਹਿੰਸਕ ਲੜਾਈ ਦੱਸ ਦਿੱਤੀ ਹੈ। ਪਰ ਲੜਾਈ ਤਾਂ ਹੈ ਨਹੀਂ। ਤੁਹਾਡੀ ਤੇ ਹੈ ਗੱਲ ਯੋਗਬਾਲ ਦੀ। ਅਹਿੰਸਾ ਦਾ ਅਰਥ ਕੋਈ ਵੀ ਨਹੀਂ ਜਾਣਦੇ। ਸਿਰਫ ਔਰਤ ਨੂੰ ਨਰਕ ਦਾ ਦਵਾਰ ਕਹਿ ਦਿੱਤਾ ਹੈ, ਅਸਲ ਵਿਚ ਨਰਕ ਦਾ ਦਵਾਰ ਤਾਂ ਦੋਵੇਂ ਹਨ। ਓਹਨਾ ਨੂੰ ਹੁਣ ਸਵਰਗ ਦਾ ਦਵਾਰ ਕੌਣ ਬਣਾਵੇ? ਇਹ ਤਾਂ ਕੇਵਲ ਭਗਵਾਨ ਦੀ ਤਾਕਤ ਹੈ। ਇਹ ਗੀਤ ਬਾਬਾ ਨੇ ਬਣਵਾਏ ਹਨ ਫਿਰ ਬਣਾਉਣ ਵਾਲੇ ਕਈਆਂ ਨੇ ਠੀਕ ਬਣਾਇਆ ਹੈ, ਕਈਆਂ ਨੇ ਗਲਤ ਬਣਾਇਆ ਹੈ। ਮਿਕਸ ਕਰ ਦਿੱਤਾ ਹੈ। ਰਾਤ ਦੇ ਰਾਹੀ ਥੱਕ ਮਤ ਜਾਣਾ... ਅਜਿਹੇ ਗੀਤ ਮੈਂ ਬਣਵਾਏ ਹਨ। ਤਾਂ ਇਥੋਂ ਦੀਆਂ ਗੱਲਾ ਹੋਰ ਹਨ। ਗਓਸ਼ਾਲਾ ਵੀ ਹੈ ਤੇ ਬਨਵਾਸ ਵੀ ਹੈ। ਪਰੰਤੂ ਅਰਥ ਨਹੀਂ ਸਮਝਦੇ। ਅਸੀ ਕਿਸੇ ਨੂੰ ਭਜਾਇਆ ਹੈ ਕੀ ? ਕਿਸੇ ਨੂੰ ਕਦੀ ਕਿਹਾ ਕਿ ਕਰਾਚੀ ਚਲੇ ਆਉਣਾ? ਪੁੱਛੋ ਇਹਨਾ ਸ਼ਕਤੀਆਂ ਤੋ, ਇਹ ਡਰਾਮਾ ਵਿਚ ਸੀ। ਜਿਨ੍ਹਾਂ ਤੇ ਜੁਲਮ ਹੋਏ ਓਹ ਚਲੇ ਆਏ। ਤਾਂ ਸਹੀ ਕੀ ਹੈ ਬਾਪ ਬੈਠ ਦਸਦੇ ਹਨ। ਸ਼ਾਸਤਰਾਂ ਵਿਚ ਜੋ ਲਿਖਿਆ ਓਹ ਹੈ ਭਗਤੀ ਮਾਰਗ। ਉਸ ਨਾਲ ਤਾਂ ਮੈਨੂੰ ਮਿਲ ਨਹੀਂ ਸਕਦੇ। ਮੇਰੇ ਕੋਲ ਆ ਨਹੀਂ ਸਕਦੇ। ਮੈਨੂੰ ਏਥੇ ਗਾਈਡ ਬਣ ਆਉਣਾ ਪੈਂਦਾ ਹੈ। ਕਹਿੰਦੇ ਹਨ ਇਸ ਤਰ੍ਹਾਂ ਦਾ ਤਨ ਕਿਉਂ ਨਹੀਂ ਲਿਆ ਜੋ ਗ੍ਰਹਿਸਤੀ ਨਾ ਹੋਵੇ। ਅਰੇ ਮੈਂ ਤੇ ਗ੍ਰਹਿਸਤੀ ਦੇ ਤਨ ਵਿਚ ਆਕੇ ਗਿਆਨ ਦਿੰਦਾ ਹਾਂ। ਓਹਨਾ ਦੇ ਹੀ 84 ਜਨਮ ਦਸਦਾ ਹਾਂ। ਤਾਂ ਕਿੰਨੀਆਂ ਗੁਪਤ ਗੱਲਾਂ ਹਨ। ਇਹ ਨਵੇਂ ਧਰਮ ਲਈ ਨਵੀਆਂ ਗੱਲਾਂ, ਗਿਆਨ ਵੀ ਨਵਾਂ ਹੈ। ਬਾਪ ਕਹਿੰਦੇ ਕਲਪ-ਕਲਪ ਮੈਂ ਆਕੇ ਇਹ ਗਿਆਨ ਸੁਣਾਉਂਦਾ ਹਾਂ। ਹੋਰ ਕਦੇ ਕੋਈ ਇਹ ਨਹੀਂ ਕਹੇਗਾ ਕਿ ਮੈਂ ਕਲਪ-ਕਲਪ ਧਰਮ ਸਥਾਪਨ ਕਰਨ ਆਉਂਦਾ ਹਾਂ। ਲਕਸ਼ਮੀ ਨਰਾਇਣ ਕਦੇ ਨਹੀਂ ਕਹਿਣਗੇ ਅਸੀ ਦੁਬਾਰਾ ਇਹ ਰਾਜ ਕਰਨ ਆਏ ਹਾਂ। ਉੱਥੇ ਇਹ ਗਿਆਨ ਹੀ ਤਕਰੀਬਨ ਖਤਮ ਹੋ ਜਾਂਦਾ ਹੈ। ਸ਼ਾਸਤਰ ਤਾਂ ਬਾਅਦ ਵਿੱਚ ਅਨੇਕ ਬਣਾ ਦਿੱਤੇ ਹਨ।

ਸਾਡੇ ਬ੍ਰਾਹਮਣਾ ਦੇ ਲਈ ਤਾਂ ਇਕ ਹੀ ਗੀਤਾ ਹੈ। ਧਰਮ ਵੀ ਸਥਾਪਨ ਕਰਦਾ ਹਾਂ ਤੇ ਸਦਗਤੀ ਵੀ ਸਭ ਦੀ ਕਰਦਾ ਹਾਂ। ਡਬਲ ਕੰਮ ਹੋ ਗਿਆ ਨਾ। ਹੁਣ ਅਸੀ ਜੋ ਸੁਣਾਉਂਦੇ ਹਾਂ ਓਹ ਠੀਕ ਹੈ ਜਾਂ ਓਹ ਜੋ ਸੁਣਾਉਂਦੇ ਓਹ ਠੀਕ ਹੈ? ਤੁਸੀ ਜਾਣਦੇ ਹੋ ਮੈਂ ਕੌਣ ਹਾਂ? ਮੈ ਸੱਚ ਹਾਂ। ਮੈਂ ਕੋਈ ਵੇਦ ਸ਼ਾਸਤਰ ਨਹੀਂ ਸੁਣਾਉਂਦਾ ਹਾਂ। ਚਾਹੇ ਇਸਨੇ ਬੜੇ ਸ਼ਾਸਤਰ ਪੜ੍ਹੇ ਹਨ, ਪਰ ਇਹ ਕੋਈ ਸੁਣਾਉਂਦਾ ਥੋੜੀ ਹੈ। ਇਹ ਤਾਂ ਸ਼ਿਵਬਾਬਾ ਨਵੀਆਂ ਨਵੀਆਂ ਗੱਲਾਂ ਸੁਣਾਉਂਦੇ ਹਨ, ਉਹ ਤਾਂ ਅਸ਼ਰੀਰੀ ਹਨ। ਸਿਰਫ ਇਹ ਮੁਰਲੀ ਸੁਣਾਉਣ ਦਾ ਕੰਮ ਕਰਨ ਆਉਂਦੇ ਹਨ, ਨਾ ਕਿ ਖਾਣ ਪੀਣ ਆਉਂਦੇ ਹਨ। ਮੈਂ ਤਾਂ ਆਇਆ ਹੀ ਹਾਂ ਤੁਹਾਨੂੰ ਬੱਚਿਆਂ ਨੂੰ ਰਾਜਧਾਨੀ ਦੇਣ ਲਈ। ਸਵਾਦ ਇਹਨਾ ਦੀ ਆਤਮਾ ਲੈਂਦੀ ਹੈ।

ਹਰ ਇਕ ਦਾ ਧਰਮ ਵੱਖ ਹੈ ਓਹਨਾ ਨੇ ਆਪਣਾ ਧਰਮ ਸ਼ਾਸਤਰ ਪੜ੍ਹਨਾ ਹੈ। ਇੱਥੇ ਤਾਂ ਢੇਰ ਸਾਰੇ ਸ਼ਾਸਤਰ ਪੜਦੇ ਰਹਿੰਦੇ ਹਨ। ਸਾਰ ਕੁਝ ਵੀ ਨਹੀਂ ਹੈ। ਜਿੰਨਾਂ ਪੜਦੇ ਰਹਿੰਦੇ ਓਹਨਾ ਆਸਾਰ ਸੰਸਾਰ ਹੁੰਦਾ ਜਾਂਦਾ ਹੈ। ਤਮੋਪ੍ਰਧਾਨ ਬਣਨਾ ਹੀ ਹੈ। ਪਹਿਲਾਂ - ਪਹਿਲਾਂ ਸ੍ਰਿਸ਼ਟੀ ਵਿਚ ਤੁਸੀ ਆਏ ਹੋ। ਤੁਸੀ ਬ੍ਰਾਹਮਣਾ ਨੇ ਮਾਤ ਪਿਤਾ ਤੋਂ ਜਨਮ ਲਿਆ ਹੈ। ਉਸ ਪਾਸੇ ਹੈ ਆਸੁਰੀ ਕੁਟੁੰਬ , ਤੇ ਇੱਥੇ ਹੈ ਇਸ਼ਵਰੀਏ ਕੁਟੁੰਬ। ਫਿਰ ਜਾਕੇ ਦੈਵੀ ਗੋਦ ਲਵਾਂਗੇ। ਫਿਰ ਸਵਰਗ ਦੇ ਮਾਲਿਕ ਬਣਾਂਗੇ। ਮਾਤ ਪਿਤਾ ਦੀ ਮਤ ਤੇ ਚੱਲਾਂਗੇ ਤਾਂ ਸਵਰਗ ਵਿਚ ਸੁੱਖ ਘਨੇਰੇ ਮਿਲਨਗੇ। ਬਾਕੀ ਰੂਦ੍ਰ ਗਿਆਨ ਯੱਗ ਵਿਚ ਵਿਘਨ ਜਰੂਰ ਪੈਣਗੇ। ਬਾਬਾ ਕਹਿੰਦੇ ਬੱਚੇ ਵਿਕਾਰਾ ਤੇ ਜਿੱਤ ਪਾਉਣ ਨਾਲ ਹੀ ਤੁਸੀ ਜਗਤਜਿੱਤ ਬਣ ਸਕਦੇ ਹੋ। ਇਸ ਤਰ੍ਹਾਂ ਨਹੀਂ ਕਿ ਵਿਆਹ ਨਹੀਂ ਕਰਾਂਗੇ ਤਾਂ ਕਮਜ਼ੋਰ ਰਹਿ ਜਾਵਾਂਗੇ। ਸੰਨਿਆਸੀ ਪਵਿੱਤਰ ਬਣਦੇ ਹਨ ਤਾਂ ਕਿੰਨੇ ਮੋਟੇ ਤੰਦਰੁਸਤ ਰਹਿੰਦੇ ਹਨ। ਇੱਥੇ ਤਾਂ ਦਿਮਾਗ ਦਾ ਕੰਮ ਹੈ, ਮੇਹਨਤ ਹੈ, ਦਧਿਚੀ ਰਿਸ਼ੀ ਦਾ ਮਿਸਾਲ ਹੈ ਨਾ। ਸੰਨਿਆਸੀਆਂ ਨੂੰ ਤਾਂ ਬੜਾ ਮਾਨ ਮਿਲਦਾ ਹੈ। ਬਾਬਾ ਖੁਦ ਬੜਾ ਮਾਲ ਖਿਲਾਉਂਦੇ ਸਨ। ਇੱਥੇ ਤਾਂ ਬੜਾ ਪਰਹੇਜ ਰੱਖਣਾ ਪੈਂਦਾ ਹੈ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਗਿਆਨ ਦੀ ਚੰਗੀ ਧਾਰਨਾ ਲਈ ਪਵਿੱਤਰਤਾ ਦੇ ਵਰਤ ਨੂੰ ਅਪਨਾਉਣਾ ਹੈ। ਅੰਤਕਾਲ ਹੈ ਇਸਲਈ ਇਸ ਤਰ੍ਹਾਂ ਦਾ ਅਭਿਆਸ ਕਰਨਾ ਹੈ ਤਾਂ ਜੋ ਇਕ ਬਾਪ ਤੋਂ ਇਲਾਵਾ ਕੋਈ ਵੀ ਯਾਦ ਨਾ ਆਵੇ।

2 ਦਧਿਚੀ ਰਿਸ਼ੀ ਵਾਂਗੂੰ ਸੇਵਾ ਕਰਦੇ ਵਿਕਾਰਾਂ ਤੇ ਜਿੱਤ ਪ੍ਰਾਪਤ ਕਰ ਜਗਤਜਿੱਤ ਬਣਨਾ ਹੈ।

ਵਰਦਾਨ:- ਸਮੇਂ ਦੀ ਰਫਤਾਰ ਅਨੁਸਾਰ ਸਰਵ ਪ੍ਰਾਪਤੀਆਂ ਨਾਲ ਭਰਪੂਰ ਰਹਿ ਮਾਇਆਜਿੱਤ ਬਣਨ ਵਾਲੇ ਤੀਵ੍ਰ ਪੁਰਸ਼ਾਰਥੀ ਭਵ।

ਬਾਪਦਾਦਾ ਨੇ ਜੋ ਵੀ ਪ੍ਰਾਪਤੀਆਂ। ਕਰਵਾਈਆਂ ਹਨ, ਉਨ੍ਹਾਂ ਸਰਵ ਪ੍ਰਾਪਤੀਆਂ ਨੂੰ ਖੁਦ ਵਿੱਚ ਜਮਾ ਕਰ ਭਰਪੂਰ ਰਹੋ, ਕੋਈ ਵੀ ਕਮੀ ਨਾ ਰਹੇ। ਜਿੱਥੇ ਭਰਪੂਰਤਾ ਵੀ h ਕਮੀ ਹੈ ਉਥੇ ਮਾਇਆ ਹਿਲਾਉਂਦੀ ਹੈ। ਮਾਇਆਜਿੱਤ ਬਣਨ ਦਾ ਸਹਿਜ ਸਾਧਨ ਹੈ - ਸਦਾ ਪ੍ਰਾਪਤੀਆਂ। ਨਾਲ ਭਰਪੂਰ ਰਹਿਣਾ। ਕਿਸੇ ਇੱਕ ਵੀ ਪ੍ਰਾਪਤੀ ਤੋਂ ਵੰਚਿੰਤ ਨਾ ਰਹੋ, ਸਰਵ ਪ੍ਰਾਪਤੀਆਂ ਹੋਣ। ਸਮੇਂ ਦੀ ਰਫਤਾਰ ਅਨੁਸਾਰ ਕਿਸੇ ਵੀ ਸਮੇਂ ਕੁਝ ਵੀ ਹੋ ਸਕਦਾ ਹੈ ਇਸਲਈ ਤੀਵ੍ਰ ਪੁਰਸ਼ਾਰਥੀ ਬਣ ਹੁਣ ਤੋਂ ਹੀ ਭਰਪੂਰ ਬਣੋ। ਹੁਣ ਨਹੀਂ ਤਾਂ ਕਦੇ ਨਹੀਂ।

ਸਲੋਗਨ:- ਸਤਿਯਤਾ ਅਤੇ ਨਿਰਭੈਤਾ ਦੀ ਸ਼ਕਤੀ ਨਾਲ ਹੋਵੇ ਤਾਂ ਕੋਈ ਵੀ ਕਾਰਣ ਹਿਲਾ ਨਹੀਂ ਸਕਦਾ।

******